# ਨਮੂਨੇ ਦਾ ਪ੍ਰਸ਼ਨ-ਪੱਤਰ
# ਜਮਾਤ-ਬਾਰ੍ਹਵੀਂ
# ਪੰਜਾਬੀ ਲਾਜ਼ਮੀ
# ਟਰਮ-2
# 2021-2022

ਸਮਾਂ: 3 ਘੰਟੇ ਲਿਖਤੀ= 40 ਅੰਕ

ਨੋਟ: 1. 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।
2. ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹੋਣਗੇ।
3. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਪ੍ਰਸ਼ਨ ਨੰ: 1 ਇਹ ਪ੍ਰਸ਼ਨ ਸੁੰਦਰ ਲਿਖਾਈ ਦੇ ਅੰਕਾਂ ਲਈ ਰਾਖਵਾਂ ਹੋਵੇਗਾ।** **2 ਅੰਕ**

**ਪ੍ਰਸ਼ਨ ਨੰ: 2 ਵਸਤੂਨਿਸ਼ਠ ਪ੍ਰਸ਼ਨ:** **5 ਅੰਕ**

(ੳ) 'ਪੰਜਾਬ ਦੇ ਲੋਕ-ਨਾਚ' ਪਾਠ ਦਾ ਲੇਖਕ ਕੌਣ ਹੈ?

(ਅ) 'ਘਰ ਜਾਹ ਆਪਣੇ' ਕਹਾਣੀ ਦੇ ਕਹਾਣੀਕਾਰ ਦਾ ਨਾਂ ਕੀ ਹੈ?

(ੲ) 'ਸੰਮੀ ਮੇਰੀ ਵਣ................., ਵਣ ਸੰਮੀਆਂ' ਕਥਨ ਦੀ ਖ਼ਾਲੀ ਥਾਂ ਭਰੋ।
(ਕੋਠੇ 'ਤੇ ਪਰ ਕੋਠੜਾ/ਕੋਠੜਾ)

(ਸ) 'ਵਾਰਸ ਸ਼ਾਹ ਕਵਿਤਾ 1984 ਦੇ ਦੁਖਾਂਤ ਦਾ ਚਿਤਰਨ ਪੇਸ਼ ਕਰਦੀ ਹੈ।' ਕੀ ਇਹ ਕਥਨ ਸਹੀ ਹੈ?
(i) ਗ਼ਲਤ (ii) ਸਹੀ

(ਹ) 'ਗੀਤ ਸੁਣਨ ਉਪਰੰਤ ਲੇਖਕਾ ਦੇ ਮਨ ਵਿੱਚ ਭਗਤ ਸਿੰਘ ਦੀ ਮੰਗੇਤਰ ਬਾਰੇ ਖ਼ਿਆਲ ਆਉਣ ਲੱਗੇ ਸਨ।' ਕੀ ਇਹ ਕਥਨ ਸਹੀ ਹੈ?
(i) ਗ਼ਲਤ (ii) ਸਹੀ

**ਪ੍ਰਸ਼ਨ ਨੰ: 3. ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਓ।**

(ੳ) ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ, ਬਾਰੇ ਖੋਲ੍ਹ ਕੇ ਚਾਨਣਾ ਪਾਓ।

(ਅ) 'ਪੰਜਾਬ ਦੇ ਲੋਕ ਨਾਚ' ਪਾਠ ਵਿੱਚ ਮੁੱਖ ਨਾਚਾਂ ਤੋਂ ਬਿਨਾਂ ਹੋਰ ਕਿਹੜੇ-ਕਿਹੜੇ ਨਾਚਾਂ ਦਾ ਜ਼ਿਕਰ ਆਇਆ ਹੈ? ਦੱਸੋ।

(ੲ) ਨਕਲਾਂ ਖੇਡਣ ਲਈ ਕਿਹੋ ਜਿਹੇ ਪਿੜਾਂ ਦੀ ਵਰਤੋਂ ਕੀਤੀ ਜਾਂਦੀ ਹੈ?

(ਸ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਅਧਾਰ 'ਤੇ ਦੱਸੋ ਕਿ ਸਾਨੂੰ ਚੇਤੰਨ ਪੱਧਰ 'ਤੇ ਕਿਹੜੀਆਂ ਨਵੀਆਂ ਸਿਹਤਮੰਦ ਪਰੰਪਰਾਵਾਂ ਵਿਕਸਤ ਕਰਨ ਦੀ ਲੋੜ ਹੈ?

(ਹ) ਪੰਜਾਬੀ ਨਕਲਾਂ ਤੋਂ ਕੀ ਭਾਵ ਹੈ? **2*3=6 ਅੰਕ**

**ਪ੍ਰਸ਼ਨ ਨੰ: 4.** ਤੁਸੀਂ ਵੇਰਕਾ ਮਿਲਕ ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ।ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ।

**ਜਾਂ**

ਤੁਸੀਂ ਮੱਛੀ ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ। **1+3+1=5 ਅੰਕ**

**ਪ੍ਰਸ਼ਨ ਨੰ: 5. ਹੇਠਾਂ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ।**

ਪੰਜਾਬੀ ਜਨ-ਜੀਵਨ ਵੱਖ-ਵੱਖ ਰਸਮਾਂ-ਰਿਵਾਜ਼ਾਂ ਨਾਲ ਓਤਪੋਤ ਹੈ। ਹਰੇਕ ਕਬੀਲੇ, ਜਾਤ ਅਤੇ ਧਰਮ ਦੇ ਲੋਕਾਂ ਦੇ ਆਪਣੇ-ਆਪਣੇ ਰਿਵਾਜ਼ ਹਨ, ਜਿਹੜੇ ਥੋੜ੍ਹੇ ਬਹੁਤੇ ਫ਼ਰਕ ਨਾਲ ਲਗ-ਪਗ ਹਰ ਥਾਂ 'ਤੇ ਨਿਭਾਏ ਜਾਂਦੇ ਹਨ।ਅੱਜ ਦੇ ਤਕਨਾਲੋਜੀ ਯੁੱਗ ਵਿੱਚ ਪਰਿਸਥਿਤੀਆਂ ਦੇ ਬਦਲਣ ਅਤੇ ਲੋਕਾਂ ਦੀ ਸੋਚ, ਦ੍ਰਿਸ਼ਟੀ ਵਿੱਚ ਪਰਿਵਰਤਨ ਆਉਣ ਨਾਲ ਭਾਵੇਂ ਇਹਨਾਂ ਸਾਰੀਆਂ ਰਸਮਾਂ-ਰਿਵਾਜ਼ਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾਂਦੀ ਪਰੰਤੂ ਫਿਰ ਵੀ ਅਸੀਂ

ਵੇਖਦੇ ਹਾਂ ਕਿ ਕਿਸੇ ਨਾ ਕਿਸੇ ਰੂਪ ਵਿੱਚ ਥੋੜ੍ਹੇ ਬਹੁਤ ਫ਼ਰਕ ਨਾਲ ਇਹ ਰਸਮ-ਰਿਵਾਜ਼ ਅੱਜ ਵੀ ਨਿਭਾਏ ਜਾ ਰਹੇ ਹਨ ਅਤੇ ਨਿਭਾਏ ਜਾਂਦੇ ਰਹਿਣਗੇ। ਲੋੜ ਹੈ, ਆਉਣ ਵਾਲੀਆਂ ਨਸਲਾਂ ਨੂੰ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਦੀ ਅਤੇ ਇਹਨਾਂ ਦੇ ਵਿਗਿਆਨਿਕ ਮਹੱਤਵ ਨੂੰ ਦ੍ਰਿੜ ਕਰਵਾਉਣ ਦੀ। ਸਮੁੱਚੇ ਤੌਰ 'ਤੇ ਇਹ ਸਾਰੇ ਰਸਮ-ਰਿਵਾਜ਼ ਮਨੁੱਖ ਨੂੰ ਮਨੁੱਖ ਨਾਲ ਰਿਸ਼ਤੇਦਾਰਾਂ ਨਾਲ ਅਤੇ ਭਾਈਚਾਰੇ ਨੂੰ ਭਾਈਚਾਰੇ ਨਾਲ ਜੋੜਦੇ ਹਨ। (133 ਸ਼ਬਦ) **1+3= 4 ਅੰਕ**

**ਪ੍ਰਸ਼ਨ ਨੰ: 6.** ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ ਸਮੂਹ ਨੂੰ ਸ਼ਬਦ ਕੋਸ਼ ਤਰਤੀਬ ਅਨੁਸਾਰ ਲਿਖੋ:

| (i) | (ii) |
|---|---|
| ਰਾਜ-ਮਹੱਲ | ਗੁੜ੍ਹਤੀ |
| ਰਫੂਗਰ | ਕੰਙਣਾ |
| ਰਜਵਾੜਾ | ਜੰਗਲ |
| ਰਿਸ਼ਵਤ | ਕਿਰਿਆ |
| ਰਸਤਾ | ਦਸਤਕਾਰ |
| ਰਚਨਾ | ਨਕੇਲ |

**1/2*6= 3 ਅੰਕ**

**ਪ੍ਰਸ਼ਨ ਨੰ: 7. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ ਵਟਾਂਦਰਾ ਕਰੋ:**

(i) ਮਿਹਨਤ ਸਫ਼ਲ ਹੋਈ। (ਨਾਂਹ ਵਾਚਕ)
(ii) ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ। (ਪ੍ਰਸ਼ਨ ਵਾਚਕ)
(iii) ਮੈਂ ਰੋਟੀ ਖਾ ਰਿਹਾ ਹਾਂ। (ਕਰਮਣੀ ਵਾਚ)
(iv) ਉਹ ਨਸ਼ਿਆਂ ਵਿੱਚ ਪੈ ਕੇ ਕੰਗਾਲ ਹੋ ਗਿਆ। (ਸੰਯੁਕਤ ਵਾਕ)
(v) ਬਿਮਾਰ ਹੋਣ ਕਾਰਨ ਉਹ ਤੁਹਾਡੇ ਕੰਮ ਨਹੀਂ ਕਰ ਸਕਦਾ। (ਮਿਸ਼ਰਤ ਵਾਕ)
(vi) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ । (ਵਿਸਮੈ-ਵਾਚਕ ਵਾਕ) **1*3= 3 ਅੰਕ**

**ਪ੍ਰਸ਼ਨ ਨੰ: 8. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ।**

(ੳ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ ।
(ਅ) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।
(ੲ) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ।
(ਸ) ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ ।
(ਹ) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ। **2*2= 4 ਅੰਕ**

**ਪ੍ਰਸ਼ਨ ਨੰ: 9. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:**

(ੳ) ਵਾਰਸ ਸ਼ਾਹ
(ਅ) ਮੇਰਾ ਬਚਪਨ
(ੲ) ਗੀਤ **1*3= 3 ਅੰਕ**

**ਪ੍ਰਸ਼ਨ ਨੰ: 10. ਕਿਸੇ ਇੱਕ ਕਹਾਣੀ ਦਾ ਸਾਰ ਲਿਖੋ।**

(ੳ) ਮਾੜਾ ਬੰਦਾ
(ਅ) ਘਰ ਜਾਹ ਆਪਣੇ
(ੲ) ਸਤੀਆਂ ਸੇਈ **1*5= 5 ਅੰਕ**

-----0-----